(i) Printed Pages : 3 Roll No. ..................................

(ii) Questions : 7 **Sub. Code : 0 9 2 9**

**Exam. Code : 0 0 2 9**

**Bachelor of Computer Applications 3rd Sem.**

**(2122)**

**PUNJABI (Compulsory)**

**Paper : BCA-16-301**

**Time Allowed : Three Hours] [Maximum Marks : 45**

**ਨੋਟ** :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ।

(2) ਲਿਖਾਈ ਸਾਫ਼ ਤੇ ਸਪਸ਼ਟ ਹੋਣੀ ਚਾਹੀਦੀ ਹੈ।

1. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਇੱਕੋ ਦੇਸ਼ ਤੇ ਇੱਕੋ ਉਦੇਸ਼ ਸਾਡਾ,
ਇੱਕੋ ਵੇਸ ਇੱਕੋ ਰੂਪ ਰੰਗ ਸਾਡਾ,
ਇੱਕੋ ਫਲਸਫ਼ਾ, ਇਕ ਤਹਿਜ਼ੀਬ ਸਾਡੀ,
ਮੰਜੀ ਵਾਂਗ ਉਣਿਆਂ ਅੰਗ ਅੰਗ ਸਾਡਾ,
ਧੀਆਂ ਬੇਟੀਆਂ ਦੇ ਸਾਕ ਸੈਣ ਸਾਂਝੇ,
ਮਿਲਿਆਂ ਬਾਂਝ ਨਾ ਲੰਘਦਾ ਡੰਗ ਸਾਡਾ।

**ਜਾਂ**

ਵੇ ਦਰਦਮੰਦਾਂ ਦਿਆ ਦਰਦੀਆ! ਉਠ ਤਕ ਆਪਣਾ ਪੰਜਾਬ।
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ,
ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ,
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ,
ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁਟਿਆ ਜ਼ਹਿਰ,
ਗਿਠ ਗਿਠ ਚੜ੍ਹੀਆਂ ਲਾਲੀਆਂ ਫੁਟ ਫੁਟ ਚੜ੍ਹਿਆ ਕਹਿਰ। 5

2. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਸਾਰ ਜਾਂ ਕੇਂਦਰੀ ਭਾਵ ਲਿਖੋ :

(ੳ) ਜਵਾਨ ਪੰਜਾਬ

(ਅ) ਵਿਛੋੜਾ ਵਸਲ

(ੲ) ਦੇਸ਼ ਪਿਆਰ। 5

3. ਹੇਠ ਲਿਖੀਆਂ ਵਿੱਚੋਂ ਕਿਸੇ **ਇੱਕ** ਦਾ ਸਾਰ ਲਿਖੋ :

(ੳ) ਸਵਰਗ ਦੀ ਝਲਕ

(ਅ) ਰੱਬ ਤੇ ਰੁੱਤਾਂ। 5

4. ਕਿਸੇ **ਇੱਕ** ਕਵੀ ਜਾਂ ਕਹਾਣੀਕਾਰ ਦੇ ਜੀਵਨ, ਰਚਨਾ ਤੇ ਸਾਹਿਤ ਨੂੰ ਯੋਗਦਾਨ ਬਾਰੇ ਲਿਖੋ :

(ੳ) ਪ੍ਰੋ. ਮੋਹਨ ਸਿੰਘ

(ਅ) ਕੁਲਵੰਤ ਸਿੰਘ ਵਿਰਕ। 8

5. ਕਿਸੇ **ਇੱਕ** ਵਿਸ਼ੇ ਉੱਤੇ **500** ਸ਼ਬਦਾਂ ਤੱਕ ਦਾ ਲੇਖ ਲਿਖੋ :

(ੳ) ਵਿਦਿਆਰਥੀ ਜੀਵਨ ਤੇ ਯੁਵਕ ਮੇਲੇ

(ਅ) ਨੌਜਵਾਨਾਂ ਦੀ ਵਿਦੇਸ਼ਾਂ ਵੱਲ ਦੌੜ

(ੲ) ਇੰਟਰਨੈਟ

(ਸ) ਵਿੱਦਿਆ ਦਾ ਵਪਾਰੀਕਰਨ। 7

6. ਹੇਠ ਲਿਖੇ ਸ਼ਬਦਾਂ ਵਿੱਚੋਂ ਕੋਈ **ਸੱਤ** ਸ਼ਬਦ ਸ਼ੁੱਧ ਕਰਕੇ ਲਿਖੋ :

ਏਨਕ, ਦੁਸੈਹਰਾ, ਔਹਦਾ, ਗੈਹਿਨਾ, ਜੈਦਾਤ, ਹੋਜਾ, ਕਉਣ, ਪਰਿੰਸੀਪਲ, ਭੜਾਈ, ਵੇਹੜਾ। 7

7. ਹੇਠ ਲਿਖੇ ਵਾਕਾਂ ਵਿੱਚੋਂ ਕੋਈ **ਅੱਠ** ਵਾਕ ਸ਼ੁੱਧ ਕਰਕੇ ਲਿਖੋ :

(ੳ) ਖਿਡਾਰੀਆਂ ਨੇ ਫੁੱਟਬਾਲ ਖੇਡੇ।

(ਅ) ਉਸ ਦਾ ਕਾਪੀ, ਕਿਤਾਬ ਤੇ ਪੈੱਨ ਗੁਆਚ ਗਏ।

(ੲ) ਬਹੁਤ ਤੇਜ਼ ਉਹ ਤੁਰ ਰਿਹਾ ਹੈ।

(ਸ) ਮੁੰਡਾ ਨੇ ਸਕੂਟਰ ਚਲਾਇਆ।

(ਹ) ਤੁਹਾਡੇ ਪਾਸ ਕਿੰਨੇ ਰੁਪਏ ਹਨ।

(ਕ) ਰੱਖੋ ਮੇਜ਼ ਉੱਤੇ ਸਾਰੀਆਂ ਚੀਜ਼ਾਂ ਤੁਸੀਂ

(ਖ) ਤੂੰ ਮੈਂ ਤੇ ਉਹ ਸ਼ਿਮਲੇ ਜਾਏਗਾ।

(ਗ) ਹੁੰਦਾ ਹੈ ਮਿਹਨਤ ਦਾ ਫ਼ਲ ਮਿੱਠਾ।

(ਘ) ਸਕੂਲ ਤੋਂ ਗਾਂਧੀ ਜੀ ਘਰ ਜਾਂਦੇ ਸਨ ਸਿੱਧਾ।

(ਙ) ਕਾਸ਼ ਮੈਂ ਅਮੀਰ ਹੁੰਦਾ। 8